Employment Standards

# ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਨੂੰਨ, 2009 (Employment Protection for Foreign Nationals Act, 2009) ਤਹਿਤ ਤੁਹਾਡੇ ਹੱਕ

**ਬੇਦਾਅਵਾ:** ਇਸ ਵਸੀਲੇ ਨੂੰ *ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਨੂੰਨ, 2009* (Employment Protection for Foreign Nationals Act, 2009) (EPFNA) ਅਤੇ ਨਿਯਮਾਂ ਦੇ ਤਹਿਤ ਸਥਾਪਤ ਕੁਝ ਨਿਊਨਤਮ ਹੱਕਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣ ਵਿਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਕਨੂੰਨੀ ਸਲਾਹ ਨਹੀਂ ਹੈ। ਇਸ ਦਾ ਉਦੇਸ਼ EPFNA ਜਾਂ ਇਸਦੇ ਨਿਯਮਾਂ ਦੀ ਥਾਂ ਲੈਣਾ ਨਹੀਂ ਹੈ ਅਤੇ ਕਨੂੰਨ ਦੇ ਸਰਕਾਰੀ ਰੂਪਾਂਤਰ ਨੂੰ ਹਮੇਸ਼ਾ ਦੇਖਣਾ ਜ਼ਰੂਰੀ ਹੈ। ਹਾਲਾਂਕਿ ਸਾਡੀ ਇਹ ਕੋਸ਼ਿਸ਼ ਰਹਿੰਦੀ ਹੈ ਕਿ ਵਸੀਲੇ ਵਿਚ ਵੱਧ ਤੋਂ ਵੱਧ ਤਾਜ਼ਾ ਅਤੇ ਸਹੀ ਜਾਣਕਾਰੀ ਹੋਵੇ, ਪਰ ਕਦੇ ਕਦਾਈਂ ਗਲਤੀਆਂ ਹੋ ਜਾਂਦੀਆਂ ਹਨ। ਜੇ ਤੁਹਾਨੂੰ ਇਸ ਕਨੂੰਨ ਦੀ ਵਿਆਖਿਆ ਅਤੇ ਕੁਝ ਖਾਸ ਹਾਲਾਤ ਵਿਚ ਇਸਦੀ ਵਰਤੋਂ ਬਾਰੇ ਸਹਾਇਤਾ ਚਾਹੀਦੀ ਹੈ, ਤਾਂ ਕਿਰਪਾ ਕਰਕੇ ਆਪਣੇ ਕਨੂੰਨੀ ਸਲਾਹਕਾਰ ਨਾਲ ਸੰਪਰਕ ਕਰੋ।

*ਵਿਦੇਸ਼ੀ ਨਾਗਰਿਕਾਂ ਲਈ ਰੁਜ਼ਗਾਰ ਸੁਰੱਖਿਆ ਕਨੂੰਨ, 2009* (Employment Protection for Foreign Nationals Act, 2009) (EPFNA) ਉਹਨਾਂ ਵਿਦੇਸ਼ੀ ਨਾਗਰਿਕਾਂ 'ਤੇ ਲਾਗੂ ਹੁੰਦਾ ਹੈ ਜੋ ਕਿਸੇ ਇਮੀਗ੍ਰੇਸ਼ਨ ਜਾਂ ਵਿਦੇਸ਼ੀ ਆਰਜ਼ੀ ਕਰਮਚਾਰੀ ਪ੍ਰੋਗਰਾਮ ਦੇ ਤਹਿਤ ਓਨਟਾਰੀਓ ਵਿਚ ਕੰਮ ਕਰ ਰਹੇ ਹਨ ਜਾਂ ਕੰਮ ਢੂੰਡ ਰਹੇ ਹਨ। ਉਦਾਹਰਨ ਲਈ, ਜੇ ਤੁਸੀਂ ਫੈਡਰਲ *ਟੈਂਪਰੇਰੀ ਫੌਰੇਨ ਵਰਕਰ ਪ੍ਰੋਗਰਾਮ* ਦੇ ਤਹਿਤ ਓਨਟਾਰੀਓ ਵਿਚ ਕੰਮ ਕਰ ਰਹੇ ਹੋ ਜਾਂ ਕੰਮ ਢੂੰਡ ਰਹੇ ਹੋ ਤਾਂ ਸ਼ਾਇਦ EPFNA ਤੁਹਾਡੇ 'ਤੇ ਲਾਗੂ ਹੋਵੇਗਾ।

ਇਸ ਜਾਣਕਾਰੀ ਪੱਤਰ ਵਿਚ EPFNA ਦੇ ਤਹਿਤ ਤੁਹਾਡੇ ਹੱਕਾਂ ਦਾ ਸਾਰਾਂਸ਼ ਦਿੱਤਾ ਗਿਆ ਹੈ। ਓਨਟਾਰੀਓ ਵਿਚ ਕੰਮ ਕਰ ਰਹੇ ਵਿਦੇਸ਼ੀ ਨਾਗਰਿਕ ਵਜੋਂ ਆਮ ਤੌਰ 'ਤੇ *ਰੁਜ਼ਗਾਰ ਮਿਆਰ ਕਨੂੰਨ, 2000* **(**Employment Standards Act, 2000**)** (ESA) ਤਹਿਤ ਵੀ ਤੁਹਾਡੇ ਹੱਕ ਹੋਣਗੇ। ESA ਹੇਠ ਅਜਿਹੇ ਮਿਆਰ ਹਨ, ਜਿਵੇਂ ਘੱਟੋ-ਘੱਟ ਉਜਰਤ ਅਤੇ ਕੰਮ ਦੇ ਘੰਟਿਆਂ ਦੀ ਸੀਮਾ। EPFNA ਹੇਠ ਆਉਣ ਵਾਲੇ ਕਰਮਚਾਰੀਆਂ ਨੂੰ ਇਸ ਦਸਤਾਵੇਜ਼ ਦੇ ਨਾਲ ਨਾਲ **ESA** ਦੇ ਤਹਿਤ ਹੱਕਾਂ ਬਾਰੇ ਜਾਣਕਾਰੀ ਪੱਤਰ ਪ੍ਰਾਪਤ ਕਰਨ ਦਾ ਹੱਕ ਹੈ।

## ਦੂਜੀਆਂ ਭਾਸ਼ਾਵਾਂ

ਜੇ ਤੁਹਾਡੀ ਮੁੱਖ ਭਾਸ਼ਾ ਅੰਗਰੇਜ਼ੀ ਨਹੀਂਹੈ ਤਾਂ ਤੁਹਾਡੇ ਰੁਜ਼ਗਾਰਦਾਤਾ ਜਾਂ ਭਰਤੀਕਰਤਾ ਲਈ ਜ਼ਰੂਰੀ ਹੈ ਕਿ ਉਹ ਇਹ ਪਤਾ ਲਗਾਏ ਕਿ ਕਿਰਤ ਮੰਤਰਾਲੇ (Ministry of Labour) ਕੋਲ ਇਹ ਜਾਣਕਾਰੀ ਪੱਤਰ ਤੁਹਾਡੀ ਮੁੱਖ ਭਾਸ਼ਾ ਵਿਚ ਉਪਲਬਧ ਹੈ ਜਾਂ ਨਹੀਂ। ਜੇ ਹਾਂ, ਤਾਂ ਅੰਗਰੇਜ਼ੀ ਵਾਲੇ ਦਸਤਾਵੇਜ਼ ਦੇ ਨਾਲ ਉਸਦਾ ਅਨੁਵਾਦ ਵੀ ਮੁਹੱਈਆ ਕਰਨਾ ਜ਼ਰੂਰੀ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵੈਬਸਾਈਟ Ontario.ca/EPFNA 'ਤੇ ਜਾਓ।

## ਭਰਤੀਕਰਤਾ ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲੈ ਸਕਦਾ

ਭਰਤੀਕਰਤਾ ਕੋਈ ਵੀ ਅਜਿਹਾ ਵਿਅਕਤੀ ਹੈ ਜੋ ਤੁਹਾਡੇ ਲਈ ਰੁਜ਼ਗਾਰ ਲੱਭਦਾ ਹੈ ਜਾਂ ਲੱਭਣ ਦੀ ਕੋਸ਼ਿਸ਼ ਕਰਦਾ ਹੈ, ਤੁਹਾਡੇ ਲਈ ਰੁਜ਼ਗਾਰ ਲੱਭਣ ਲਈ ਕਿਸੇ ਹੋਰ ਦੀ ਮਦਦ ਕਰਦਾ ਹੈ ਜਾਂ ਓਨਟਾਰੀਓ ਵਿਚ ਤੁਹਾਡੇ ਲਈ ਰੁਜ਼ਗਾਰ ਲੱਭਣ ਵਿਚ ਮਦਦ ਕਰਨ ਲਈ ਤੁਹਾਨੂੰ ਕਿਸੇ ਹੋਰ ਕੋਲ ਰੈਫਰ ਕਰਦਾ ਹੈ। ਭਰਤੀਕਰਤਾ ਤੁਹਾਨੂੰ ਮੁਹੱਈਆ ਕੀਤੀ ਗਈ ਕਿਸੇ ਵੀ ਸੇਵਾ, ਚੀਜ਼ ਜਾਂ ਬੈਨਿਫਿਟ ਲਈ ਤੁਹਾਡੇ ਕੋਲੋਂ ਫੀਸ ਨਹੀਂ ਲੈ ਸਕਦਾ। ਉਦਾਹਰਨ ਲਈ, ਤੁਹਾਡੇ ਲਈ ਕੋਈ ਕੰਮ ਲੱਭਣ ਲਈ, ਤੁਹਾਡੇ *ਲੇਬਰ ਮਾਰਕੀਟ ਪ੍ਰਭਾਵ ਮੁਲਾਂਕਣ* (Labour Market Impact Assessment) (LMIA) ਲਈ ਜਾਂ ਓਨਟਾਰੀਓ ਵਿਚ ਕੰਮ ਕਰਨਾ ਸ਼ੁਰੂ ਕਰਨ ਲਈ ਲੋੜੀਂਦੀ ਕਿਸੇ ਹੋਰ ਚੀਜ਼ ਲਈ ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲੈ ਸਕਦਾ। ਮੁੱਢਲੀ ਜਾਣ ਪਛਾਣ, ਸੰਖੇਪ ਜੀਵਨ ਬਿਰਤਾਂਤ (ਰਿਜ਼ਿਊਮੇ) ਲਿਖਣ, ਇੰਟਰਵਿਊ ਦੀ ਤਿਆਰੀ ਜਾਂ ਫਸਟ ਏਡ ਸਿਖਲਾਈ ਸੈਸ਼ਨਾਂ ਵਰਗੀਆਂ ਵਾਧੂ ਸੇਵਾਵਾਂ ਲਈ, ਉਸ ਹਾਲਤ ਵਿਚ ਵੀ ਜਦ ਉਹ ਚੋਣਵੀਆਂ ਹੋਣ, ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲਈ ਜਾ ਸਕਦੀ। ਇਸਦੇ ਇਲਾਵਾ, ਭਰਤੀਕਰਤਾ ਵਲੋਂ ਕੰਮ ਕਰਨ ਵਾਲਾ ਕੋਈ ਵਿਅਕਤੀ ਵੀ ਤੁਹਾਡੇ ਕੋਲੋਂ ਕੋਈ ਫੀਸ ਨਹੀਂ ਲੈ ਸਕਦਾ।

## ਤੁਹਾਡਾ ਰੁਜ਼ਗਾਰਦਾਤਾ ਤੁਹਾਡੇ ਕੋਲੋਂ ਨੌਕਰੀ 'ਤੇ ਰੱਖਣ ਦਾ ਖਰਚਾ ਨਹੀਂ ਲੈ ਸਕਦਾ (ਕੁਝ ਅਪਵਾਦਾਂ ਦੇ ਨਾਲ)

ਆਮ ਤੌਰ 'ਤੇ, ਜੇ ਤੁਹਾਨੂੰ ਨੌਕਰੀ 'ਤੇ ਰੱਖਣ ਲਈ ਰੁਜ਼ਗਾਰਦਾਤਾ ਨੇ ਕੋਈ ਫੀਸ ਦਿੱਤੀ ਸੀ ਜਾਂ ਉਸਦਾ ਕੋਈ ਹੋਰ ਖਰਚਾ ਹੋਇਆ ਸੀ ਤਾਂ ਵੀ ਉਹ ਤੁਹਾਡੇ ਕੋਲੋਂ ਇਹ ਖਰਚਾ ਤੁਹਾਡੇ ਕੋਲੋਂ ਨਹੀਂ ਮੰਗ ਸਕਦਾ ਅਤੇ ਨਾ ਹੀ ਉਹ ਉਸਨੂੰ ਤੁਹਾਡੇ ਵੇਤਨ ਵਿਚੋਂ ਕੱਟ ਸਕਦਾ ਹੈ। ਇਸ ਵਿਚ ਤੁਹਾਡੇ LMIA ਵਰਗੇ ਕੰਮ ਨਾਲ ਜੁੜੇ ਸਾਰੇ ਖਰਚੇ ਅਤੇ ਫੀਸਾਂ ਸ਼ਾਮਲ ਹਨ।

ਪਰ ਜੇ ਤੁਹਾਨੂੰ ਫੈਡਰਲ ਸਰਕਾਰ ਦੇ *ਮੌਸਮੀ ਖੇਤੀ-ਬਾੜੀ ਵਰਕਰ ਪ੍ਰੋਗਰਾਮ* ("Seasonal Agricultural Worker Program") (SAWP) ਦੇ ਤਹਿਤ ਰੁਜ਼ਗਾਰ ਦਿੱਤਾ ਗਿਆ ਹੈ ਤਾਂ ਤੁਹਾਡਾ ਰੁਜ਼ਗਾਰਦਾਤਾ ਹਵਾਈ ਸਫਰ ਦੇ ਖਰਚੇ ਅਤੇ ਕੰਮ ਦੇ ਪਰਮਿਟਾਂ ਦੇ ਖਰਚੇ ਕੱਟ ਸਕਦਾ ਹੈ ਜੇ ਇਹਨਾਂ ਨੂੰ ਕੱਟਣ ਦਾ ਪ੍ਰਾਵਧਾਨ SAWP ਦੇ ਰੁਜ਼ਗਾਰ ਸਬੰਧੀ ਇਕਰਾਰਨਾਮੇ ਵਿਚ ਹੈ।

## ਤੁਹਾਡਾ ਭਰਤੀਕਰਤਾ ਜਾਂ ਰੁਜ਼ਗਾਰਦਾਤਾ ਤੁਹਾਡੀ ਪ੍ਰਾਪਰਟੀ ਨਹੀਂ ਲੈ ਸਕਦਾ

ਤੁਹਾਡਾ ਭਰਤੀਕਰਤਾ, ਰੁਜ਼ਗਾਰਦਾਤਾ ਜਾਂ ਉਹਨਾਂ ਵਲੋਂ ਕੰਮ ਕਰ ਰਿਹਾ ਕੋਈ ਵੀ ਵਿਅਕਤੀ ਕਿਸੇ ਵੀ ਕਾਰਨ ਕਰਕੇ ਤੁਹਾਡੀ ਪ੍ਰਾਪਰਟੀ ਨਹੀਂ ਲੈ ਸਕਦਾ ਅਤੇ ਆਪਣੇ ਕੋਲ ਰੱਖ ਨਹੀਂ ਸਕਦਾ।

## ਤੁਸੀਂ ਆਪਣੇ ਹੱਕ ਛੱਡਣ ਲਈ ਸਹਿਮਤੀ ਨਹੀਂ ਦੇ ਸਕਦੇ

ਤੁਸੀਂ ਆਪਣੇ ਭਰਤੀਕਰਤਾ, ਰੁਜ਼ਗਾਰਦਾਤਾ, ਜਾਂ ਤੁਹਾਡੇ ਭਰਤੀਕਰਤਾ ਜਾਂ ਰੁਜ਼ਗਾਰਦਾਤਾ ਵਲੋਂ ਕੰਮ ਕਰ ਰਹੇ ਕਿਸੇ ਵਿਅਕਤੀ ਨਾਲ EPFNA ਤਹਿਤ ਆਪਣੇ ਕਿਸੇ ਹੱਕ ਨੂੰ ਛੱਡਣ ਬਾਰੇ ਕੋਈ ਸਮਝੌਤਾ ਜਾਂ ਇਕਰਾਰਨਾਮਾ ਨਹੀਂ ਕਰ ਸਕਦੇ। ਕੋਈ ਵੀ ਅਜਿਹਾ ਇਕਰਾਰਨਾਮਾ ਅਵੈਧ ਹੋਵੇਗਾ। ਉਦਾਹਰਨ ਲਈ, ਜੇ ਤੁਸੀਂ ਭਰਤੀਕਰਤਾ ਨਾਲ ਇਕਰਾਰਨਾਮੇ 'ਤੇ ਦਸਤਖਤ ਕਰਦੇ ਹੋ ਕਿ ਤੁਸੀਂ ਭਰਤੀਕਰਤਾ ਨੂੰ ਇੱਕ ਭਰਤੀ ਫੀਸ ਲੈਣ ਦੀ ਇਜਾਜ਼ਤ ਦੇਂਦੇ ਹੋ ਤਾਂ ਇਹ ਇਕਰਾਰਨਾਮਾ ਅਵੈਧ ਹੋਵੇਗਾ।

Ontario

## ਆਪਣੇ ਹੱਕਾਂ ਬਾਰੇ ਪੁੱਛਣ ਜਾਂ ਮੰਗਣ 'ਤੇ ਤੁਹਾਨੂੰ ਸਜ਼ਾ ਨਹੀਂ ਦਿੱਤੀ ਜਾ ਸਕਦੀ

ਜੇ ਤੁਸੀਂ ESA ਜਾਂ EPFNA ਤਹਿਤ ਆਪਣੇ ਹੱਕਾਂ ਬਾਰੇ ਪੁੱਛਦੇ ਹੋ ਜਾਂ ਉਹਨਾਂ ਦੀ ਮੰਗ ਕਰਦੇ ਹੋ ਤਾਂ ਤੁਹਾਡਾ ਭਰਤੀਕਰਤਾ, ਰੁਜ਼ਗਾਰਦਾਤਾ ਜਾਂ ਇਹਨਾਂ ਵਲੋਂ ਕੰਮ ਕਰ ਰਿਹਾ ਕੋਈ ਵੀ ਵਿਅਕਤੀ ਕਿਸੇ ਵੀ ਤਰੀਕੇ ਨਾਲ ਤੁਹਾਨੂੰ ਸਜ਼ਾ ਨਹੀਂ ਦੇ ਸਕਦਾ, ਜਿਸ ਵਿਚ ਤੁਹਾਡੀ ਨੌਕਰੀ ਨੂੰ ਖਤਮ ਕਰਨਾ ਵੀ ਸ਼ਾਮਲ ਹੈ। ਤੁਹਾਨੂੰ ਇਸ ਗੱਲ ਦਾ ਵੀ ਹੱਕ ਹੈ ਕਿ ESA ਜਾਂ EPFNA ਦੇ ਤਹਿਤ ਆਪਣੇ ਹੱਕਾਂ ਬਾਰੇ ਪੁੱਛਣ ਜਾਂ ਉਹਨਾਂ ਦੀ ਵਰਤੋਂ ਕਰਨ 'ਤੇ ਤੁਹਾਨੂੰ ਤੁਹਾਡੇ ਭਰਤੀਕਰਤਾ, ਰੁਜ਼ਗਾਰਦਾਤਾ ਜਾਂ ਉਹਨਾਂ ਵਲੋਂ ਕੰਮ ਕਰ ਰਹੇ ਕਿਸੇ ਵਿਅਕਤੀ ਦੁਆਰਾ ਦੰਡਿਤ ਨਾ ਕੀਤਾ ਜਾਏ।

## ਹੋਰ ਜਾਣਕਾਰੀ ਜਾਂ ਕਲੇਮ ਦਰਜ ਕਰਨ ਲਈ

ਜੇ ਤੁਸੀਂ EPFNA ਦੇ ਬਾਰੇ ਕੋਈ ਸਵਾਲ ਪੁੱਛਣਾ ਚਾਹੋ ਤਾਂ ਕਿਰਪਾ ਕਰਕੇ Ontario.ca/EPFNA 'ਤੇ ਜਾਓ ਜਾਂ *ਰੁਜ਼ਗਾਰ ਮਿਆਰ ਜਾਣਕਾਰੀ ਕੇਂਦਰ* (Employment Standards Information Centre) ਨੂੰ 416-326-7160, (ਟੋਲ ਫ੍ਰੀ 1-800-531-5551), ਜਾਂ TTY 1-866-567-8893 'ਤੇ ਕਾਲ ਕਰੋ। ਜਾਣਕਾਰੀ ਕਈ ਭਾਸ਼ਾਵਾਂ ਵਿਚ ਉਪਲਬਧ ਹੈ।

ਜੇ ਤੁਹਾਡਾ ਵਿਸ਼ਵਾਸ ਹੈ ਕਿ EPFNA ਦੇ ਤਹਿਤ ਤੁਹਾਨੂੰ ਤੁਹਾਡੇ ਹੱਕ ਨਹੀਂ ਮਿਲੇ ਹਨ ਅਤੇ ਤੁਸੀਂ ਕਿਰਤ ਮੰਤਰਾਲੇ ਵਿਖੇ ਆਪਣਾ ਕਲੇਮ ਦਰਜ ਕਰਨਾ ਚਾਹੁੰਦੇ ਹੋ ਤਾਂ ਤੁਸੀਂ ਅਜਿਹਾ Ontario.ca/EPFNA ਵਿਖੇ ਕਰ ਸਕਦੇ ਹੋ। ਤੁਸੀਂ EPFNA ਕਲੇਮ ਫਾਰਮ (EPFNA Claim Form) ਸਰਵਿਸ-ਓਨਟਾਰੀਓ ਪਬਲੀਕੇਸ਼ਨਸ (ServiceOntario Publications) ਕੋਲੋਂ ਔਨਲਾਈਨ ਜਾਂ 1-800-668-9938 (ਜਾਂ TTY 1-800-268-7095) 'ਤੇ ਕਾਲ ਕਰ ਕੇ ਪ੍ਰਾਪਤ ਕਰ ਸਕਦੇ ਹੋ।

EPFNA ਤਹਿਤ ਆਪਣੇ ਹੱਕਾਂ ਲਈ ਦਾਅਵਾ ਕਰਨ ਲਈ ਤੁਹਾਡੇ ਕੋਲ ਸਾਢੇ ਤਿੰਨ ਸਾਲ ਹਨ। ਜੇ EPFNA ਦੇ ਤਹਿਤ ਆਰਡਰ ਜਾਰੀ ਹੁੰਦਾ ਹੈ ਤਾਂ ਵਸੂਲ ਕੀਤੀ ਜਾਣ ਵਾਲੀ ਰਕਮ ਲਈ ਕੋਈ ਸੀਮਾਵਾਂ ਨਹੀਂ ਹਨ।

ਕਿਰਪਾ ਕਰਕੇ ਨੋਟ ਕਰੋ ਕਿ ESA ਅਤੇ EPFNA ਤਹਿਤ ਦਾਅਵੇ ਕਰਨ ਲਈ ਸਮੇਂ ਦੀਆਂ ਸੀਮਾਵਾਂ ਵੱਖ ਵੱਖ ਹਨ। **ESA ਅਤੇ EPFNA 'ਤੇ ਤਹਿਤ ਦਾਅਵੇ ਕਰਨ ਲਈ ਫਾਰਮ ਵੀ ਵੱਖਰੇ ਹਨ।**

ESA ਤਹਿਤ ਆਪਣੇ ਹੱਕਾਂ ਅਤੇ ESA ਤਹਿਤ ਦਾਅਵਾ ਦਰਜ ਕਰਨ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ *ਰੁਜ਼ਗਾਰ ਮਿਆਰ ਕਨੂੰਨ 2000 ਲਈ ਤੁਹਾਡੀ ਗਾਈਡ* (Your Guide to the Employment Standards Act, 2000) ਦੇਖੋ ਜੋ Ontario.ca/ESAguide ਵਿਖੇ ਉਪਲਬਧ ਹੈ।